ਵਿੱਤੀ ਸਾਖਰਤਾ ਹਫ਼ਤਾ
ਜੂਨ 4-8, 2018

# ਜੋਖਮ ਬਨਾਮ ਰਿਟਰਨ



ਕੀ ਤੁਸੀਂ ਸੋਚਦੇ ਹੋ ਕਿ ਤੁਸੀਂ ਰਾਤੋਂ-ਰਾਤ ਅਮੀਰ ਬਣ ਸਕਦੇ ਹੋ?

ਕੀ ਤੁਸੀਂ ਸੋਚਦੇ ਹੋ ਕਿ ਤੁਸੀਂ ਥੋੜ੍ਹੇ ਸਮੇਂ ਦੇ ਅੰਦਰ ਹੀ ਬਹੁਤ ਜਿਆਦਾ ਰਿਟਰਨ ਪ੍ਰਾਪਤ ਕਰ ਸਕਦੇ ਹੋ?

ਧਿਆਨ ਨਾਲ ਸੋਚੋ ਕਿਉਂ ਕਿ ਉੱਚ ਸੰਭਾਵਿਤ ਰਿਟਰਨ ਪ੍ਰਾਪਤੀ ਦੀ ਉਮੀਦ ਨਾਲ ਜਿਆਦਾ ਜੋਖਮ ਵੀ ਜੁੜਿਆ ਹੋਇਆ ਹੈ।

## ਬੁਨਿਆਦੀ ਸਿਧਾਂਤ

ਵਿੱਤੀ ਪ੍ਰਾਡਕਟਾਂ ਵਿੱਚ ਨਿਵੇਸ਼ ਜਾਂ ਬਚਤ ਕਰਦੇ ਸਮੇਂ ਧਿਆਨ ਵਿੱਚ ਰੱਖਿਆ ਜਾਣ ਵਾਲਾ ਬੁਨਿਆਦੀ ਨਿਵੇਸ਼ ਸਿਧਾਂਤ ਜੋ ਕਿ ਰਿਟਰਨ ਅਤੇ ਜੋਖਮ ਦਾ ਪ੍ਰਤੱਖ ਸਬੰਧ ਹੈ। ਉੱਚ ਸੰਭਾਵਿਤ ਰਿਟਰਨ ਦੀ ਉਮੀਦ ਰੱਖਣ ਵਿੱਚ ਉੱਚ ਜੋਖਮ ਅਤੇ ਸੰਭਾਵਿਤ ਹਾਨੀਆਂ ਦੀ ਸੰਭਾਵਨਾ ਰਹਿੰਦੀ ਹੈ।

## ਉਚਿਤ ਪੜਤਾਲ

ਗੈਰ ਨਿਯੰਤ੍ਰਿਤ ਅਦਾਰਿਆਂ ਵੱਲੋਂ ਥੋੜੇ ਸਮੇਂ ਵਿੱਚ ਜਿਆਦਾ ਅਤੇ ਗਾਰੰਟੀ ਸ਼ੁਦਾ ਰਿਟਰਨ ਦੇਣ ਵਾਲੀਆਂ ਸਕੀਮਾਂ ਤੋਂ ਪ੍ਰਭਾਵਿਤ ਹੋਣ ਤੋਂ ਪਹਿਲਾਂ ਉਚਿਤ ਪੜਤਾਲ ਜਰੂਰੀ ਹੈ। ਇਹ ਸਕੀਮਾਂ ਧੋਖਾਧੜੀ ਹੋ ਸਕਦੀਆਂ ਹਨ ਅਤੇ ਪ੍ਰਮੋਟਰ ਤੁਹਾਡੀ ਮਿਹਨਤ ਦੀ ਕਮਾਈ ਇਕੱਠੀ ਕਰਕੇ ਗਾਇਬ ਹੋ ਸਕਦੇ ਹਨ।

## ਸਚੇਤ ਪੋਰਟਲ

ਕਿਸੇ ਵੀ ਸਕੀਮ ਦੇ ਅਧੀਨ ਇੱਕਠਾ ਕੀਤਾ ਪੈਸਾ ਜਾਂ ਜਮ੍ਹਾਂ ਰਕਮ ਦਾ ਮੁੜ ਭੁਗਤਾਨ ਕਰਨ ਵਿੱਚ ਅਸਫਲ ਰਹਿਣ ਵਾਲੇ ਕਿਸੇ ਵੀ ਅਦਾਰੇ ਦੀ ਕਿਸੇ ਵੀ ਤਰ੍ਹਾਂ ਦੀ ਸ਼ਿਕਾਇਤ ਜਾਂ ਸੂਚਨਾ ਬਾਰੇ www.sachet.rbi.org.in ਤੇ ਰਿਪੋਰਟ ਕੀਤੀ ਜਾ ਸਕਦੀ ਹੈ।

## ਕੀ ਬੈਂਕ ਵਿੱਚ ਜਮ੍ਹਾਂ ਧਨ ਸੁਰੱਖਿਅਤ ਹੈ?

ਬੈਂਕਾਂ ਵਿੱਚ ਜਮ੍ਹਾਂ ਕਰਵਾਈ ਜਾਣ ਵਾਲੀ ਰਕਮ ਸੁਰੱਖਿਅਤ ਹੁੰਦੀ ਹੈ ਕਿਉਂ ਕਿ ਬੈਂਕਾਂ ਨੂੰ ਨਿਯਮਿਤ ਕਰਨ ਅਤੇ ਉਹਨਾਂ ਤੇ ਨਿਗਰਾਨੀ ਕਰਨ ਦਾ ਕੰਮ ਭਾਰਤੀ ਰਿਜ਼ਰਵ ਬੈਂਕ ਵੱਲੋਂ ਕੀਤਾ ਜਾਂਦਾ ਹੈ ਅਤੇ ਬੈਂਕਿੰਗ ਲੋਕਪਾਲ ਸਕੀਮ ਰਾਹੀਂ ਸ਼ਿਕਾਇਤ ਦੇ ਨਿਪਟਾਰੇ ਦਾ ਸਿਸਟਮ ਵੀ ਉਪਲੱਬਧ ਹੈ।

## ਡਿਪਾਜ਼ਿਟ ਗਾਰੰਟੀ

ਬੈਂਕਾਂ ਕੋਲ ਜਮ੍ਹਾਂ ਕਰਵਾਈ ਗਈ ਰਕਮ ਬਾਰੇ ਪ੍ਰਤੀ ਬੈਂਕ ਪ੍ਰਤੀ ਗ੍ਰਾਹਕ ਲਈ ਰੁ. ਇਕ ਲੱਖ ਦੀ ਸੀਮਾ ਤੱਕ ਡਿਪਾਜ਼ਿਟ ਇੰਸ਼ੋਰੈਂਸ ਐਂਡ ਕ੍ਰੈਡਿਟ ਗਾਰੰਟੀ ਕਾਰਪੋਰੇਸ਼ਨ ਵੱਲੋਂ ਗਾਰੰਟੀ ਦਿੱਤੀ ਜਾਂਦੀ ਹੈ।

ਵਿੱਤੀ ਸਾਖਰਤਾ• ਖੁਸ਼ਹਾਲੀ ਦੀ ਰਾਹ

ਜੋਖਮ ਬਨਾਮ ਰਿਟਰਨ

ਵਿੱਤੀ ਸਮਾਵੇਸ਼ਨ ਅਤੇ ਵਿਕਾਸ ਵਿਭਾਗ
ਭਾਰਤੀ ਰਿਜ਼ਰਵ ਬੈਂਕ
www.rbi.org.in